# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 09-07-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੇ ਪੰਜ ਦੇਸ਼ਾਂ ਦੇ ਦੌਰੇ ਦੇ ਆਖਰੀ ਪੜਾਅ 'ਤੇ ਨਾਮੀਬੀਆ ਦੇ ਵਿੰਡਹੋਕ ਪਹੁੰਚੇ ਨੇ. ਹਵਾਈ ਅੱਡੇ 'ਤੇ ਨਾਮੀਬੀਆ ਦੇ ਅੰਤਰਰਾਸ਼ਟਰੀ ਸਬੰਧਾਂ ਅਤੇ ਵਪਾਰ ਬਾਰੇ ਮੰਤਰੀ ਸੇਲਮਾ ਅਸ਼ੀਪਾਲਾ-ਮੁਸਾਵੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ, ਨਾਮੀਬੀਆ ਇੱਕ ਕੀਮਤੀ ਅਤੇ ਭਰੋਸੇਮੰਦ ਅਫਰੀਕੀ ਭਾਈਵਾਲ ਏ ਜਿਸ ਨਾਲ ਭਾਰਤ ਦੁਵੱਲੇ ਸਹਿਯੋਗ ਨੂੰ ਵਧਾਉਣਾ ਚਾਹੁੰਦਾ ਏ। ਉਨ੍ਹਾਂ ਕਿਹਾ ਕਿ ਉਹ ਰਾਸ਼ਟਰਪਤੀ ਡਾ. ਨੇਤੁੰਬੋ ਨੰਦੀ-ਨਦੈਤਵਾਹ ਨੂੰ ਮਿਲਣ ਅਤੇ ਅੱਜ ਨਾਮੀਬੀਆ ਦੀ ਸੰਸਦ ਨੂੰ ਸੰਬੋਧਨ ਕਰਨ ਲਈ ਉਤਸ਼ਾਹਿਤ ਨੇ. ਪ੍ਰਧਾਨ ਮੰਤਰੀ ਮੋਦੀ, ਨਾਮੀਬੀਆ ਦੇ ਰਾਸ਼ਟਰਪਤੀ ਡਾ. ਨੇਤੁੰਬੋ ਨੰਦੀ-ਨਦੈਤਵਾਹ ਦੇ ਸੱਦੇ 'ਤੇ ਨਾਮੀਬੀਆ ਪਹੁੰਚੇ ਨੇ। ਇਹ ਪ੍ਰਧਾਨ ਮੰਤਰੀ ਮੋਦੀ ਦਾ ਦੇਸ਼ ਦਾ ਪਹਿਲਾ ਦੌਰਾ ਏ, ਅਤੇ ਭਾਰਤ ਤੋਂ ਨਾਮੀਬੀਆ ਦਾ ਪ੍ਰਧਾਨ ਮੰਤਰੀ ਪੱਧਰ ਦਾ ਤੀਜਾ ਦੌਰਾ ਏ, ਜੋ ਲਗਭਗ ਤਿੰਨ ਦਹਾਕਿਆਂ ਬਾਅਦ ਹੋ ਰਿਹਾ ਏ

--------------------------------------------------------

ਪੰਜਾਬ ਵਿੱਚ, ਪਾਕਿਸਤਾਨ ਸਥਿਤ ਬੱਬਰ ਖਾਲਸਾ ਇੰਟਰਨੈਸ਼ਨਲ (BKI) ਦੇ ਸੰਚਾਲਕ ਵੱਲੋਂ, ਸੂਬੇ ਵਿੱਚ ਸ਼ਾਂਤੀ ਭੰਗ ਕਰਨ ਲਈ ਰਚੀ ਗਈ ਇੱਕ ਵੱਡੀ ਦਹਿਸ਼ਤਗਰਦ ਸਾਜ਼ਿਸ਼ ਨੂੰ ਅੱਜ ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (AGTF) ਨੇ ਨਾਕਾਮ ਕਰ ਦਿੱਤਾ ਏ। ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਖੁਲਾਸਾ ਕੀਤਾ ਏ ਕਿ ਇੱਕ ਖੁਫੀਆ ਜਾਣਕਾਰੀ 'ਤੇ ਕੀਤੀ ਗਈ ਕਾਰਵਾਈ ਵਿੱਚ, ਪੁਲਿਸ ਨੇ ਦਹਿਸ਼ਤਗਰਦੀ ਸਾਜ਼ੋਸਮਾਨ ਦੀ ਇੱਕ ਵੱਡੀ ਖੇਪ ਦਾ ਪਤਾ ਲਾਇਆ ਏ ਅਤੇ ਬਰਾਮਦ ਕੀਤਾ ਏ । ਇਸ ਵਿੱਚ ਗੁਰਦਾਸਪੁਰ ਦੇ ਇੱਕ ਜੰਗਲੀ ਇਲਾਕੇ ਤੋਂ ਦੋ AK-47 ਰਾਈਫਲਾਂ 16 ਜ਼ਿੰਦਾ ਕਾਰਤੂਸ, ਦੋ ਮੈਗਜ਼ੀਨ ਅਤੇ ਦੋ P-86 ਹੈਂਡ ਗ੍ਰਨੇਡ ਸ਼ਾਮਲ ਨੇ. ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲਗਾ ਏ ਕਿ BKI ਦੇ ਸੰਚਾਲਕ-ਹਰਵਿੰਦਰ ਰਿੰਦਾ, ਜਿਸਨੂੰ ਪਾਕਿਸਤਾਨ ਦੀ ISI ਦੀ ਹਮਾਇਤ ਹਾਸਿਲ ਏ, ਨੇ ਸੂਬੇ ਵਿੱਚ ਕਈ ਥਾਵਾਂ 'ਤੇ ਹਮਲੇ ਕਰਨ ਦੀ ਇੱਕ ਚੰਗੀ ਤਰ੍ਹਾਂ ਘੜੀ ਗਈ ਸਾਜ਼ਿਸ਼ ਦੇ ਹਿੱਸੇ ਵਜੋਂ ਪਾਕਿਸਤਾਨ ਸਥਿਤ ਏਜੰਸੀਆਂ ਨਾਲ ਤਾਲਮੇਲ ਕਰਕੇ ਇਸ ਖੇਪ ਨੂੰ ਭਾਰਤ ਵਿੱਚ ਭੇਜਿਆ ਸੀ। ਰਿੰਦਾ ਦੇ ਸਾਥੀਆਂ ਤਕ ਪਹੁੰਚਣ ਤੋਂ ਪਹਿਲਾਂ ਹੀ ਇਹ ਖੇਪ ਬਰਾਮਦ ਕਰ ਲਈ ਗਈ। ਇੱਕ FIR ਦਰਜ ਕਰ ਲਈ ਗਈ ਏ ਅਤੇ ਹੋਰ ਜਾਂਚ ਜਾਰੀ ਏ।

----------------------------------------------------------------

ਕੈਲਾਸ਼ ਮਾਨਸਰੋਵਰ ਯਾਤਰਾ 2025 ਦਾ ਪੰਜਵਾਂ ਜੱਥਾ, ਅੱਜ ਦਿੱਲੀ ਤੋਂ ਰਵਾਨਾ ਹੋਇਆ ਜੋ ਕਿ ਸਿੱਕਮ ਦੇ ਨਾਥੂਲਾ ਰਾਹੀਂ ਜਾਏਗਾ. ਇਸ ਜਥੇ ਵਿੱਚ 49 ਲੋਕ ਨੇ, ਜਿਨ੍ਹਾਂ ਵਿੱਚ 42 ਯਾਤਰੀ, ਦੋ ਸੰਪਰਕ ਅਧਿਕਾਰੀ ਅਤੇ ਇੱਕ ITBP ਡਾਕਟਰ ਸ਼ਾਮਲ ਨੇ. ਇਸ ਤੋਂ ਇਲਾਵਾ, ਚਾਰ ਸਹਾਇਕ ਸਟਾਫ਼ ਪਹਿਲਾਂ ਹੀ ਗੰਗਟੋਕ ਵਿੱਚ ਤਾਇਨਾਤ ਨੇ. ਜੰਮੂ-ਕਸ਼ਮੀਰ ਵਿੱਚ ਸਲਾਨਾ ਸ੍ਰੀ ਅਮਰਨਾਥ ਯਾਤਰਾ ਦੇ ਪਹਿਲੇ ਛੇ ਦਿਨਾਂ ਵਿੱਚ, 1 ਲੱਖ 11 ਹਜ਼ਾਰ ਤੋਂ ਵੱਧ ਸ਼ਰਧਾਲੂ ਪਵਿੱਤਰ ਗੁਫਾ ਦੇ ਦਰਸ਼ਨ ਕਰ ਚੁੱਕੇ ਨੇ. ਕੱਲ੍ਹ 18 ਹਜ਼ਾਰ ਤੋਂ ਵੱਧ ਸ਼ਰਧਾਲੂਆਂ ਨੇ ਪਵਿੱਤਰ ਗੁਫਾ ਦੇ ਦਰਸ਼ਨ ਕੀਤੇ।

----------------------------------------------------------------

ਸਪੇਨ ਵਿੱਚ ਹੋਏ ਤੀਰਅੰਦਾਜ਼ੀ ਵਿਸ਼ਵ ਕੱਪ ਵਿੱਚ, ਭਾਰਤ ਨੇ ਰਿਸ਼ਭ ਯਾਦਵ ਅਤੇ ਜੋਤੀ ਸੁਰੇਖਾ ਵੇਨਮ ਦੀ ਸ਼ਾਨਦਾਰ ਕਾਰਗੁਜ਼ਾਰੀ ਸਦਕਾ ਵਿਅਕਤੀਗਤ ਅਤੇ ਟੀਮ, ਦੋਵਾਂ ਮੁਕਾਬਲਿਆਂ ਵਿੱਚ ਚੋਟੀ ਦਾ ਦਰਜਾ ਹਾਸਿਲ ਕੀਤਾ ਏ. 22 ਸਾਲਾ ਰਿਸ਼ਭ ਯਾਦਵ ਨੇ ਮਰਦਾਂ ਦੇ ਕੰਪਾਊਂਡ ਕੁਆਲੀਫਾਇੰਗ ਰਾਊਂਡ ਵਿੱਚ 716 ਅੰਕਾਂ ਦੇ ਸਕੋਰ ਨਾਲ ਸਿਖਰਲਾ ਸਥਾਨ ਪ੍ਰਾਪਤ ਕੀਤਾ। ਮੌਜੂਦਾ ਏਸ਼ਿਆਈ ਖੇਡਾਂ ਦੀ ਚੈਂਪੀਅਨ ਜੋਤੀ

ਸੁਰੇਖਾ ਵੇਨਮ ਨੇ ਵੀ 715 ਅੰਕਾਂ ਦੇ ਸਕੋਰ ਨਾਲ ਔਰਤਾਂ ਦੀ ਕੰਪਾਊਂਡ ਸ਼੍ਰੇਣੀ ਵਿੱਚ ਚੋਟੀ ਦਾ ਸਥਾਨ ਹਾਸਿਲ ਕੀਤਾ.